Series GEFH1/1

SET ~ 3

Q.P. Code 221/1/3

Roll No.

Candidates must write the Q.P. Code on the title page of the answer-book.

# ਰਾਜਨੀਤੀ ਵਿਗਿਆਨ
## (ਪੰਜਾਬੀ ਉਲਥਾ)
# POLITICAL SCIENCE
## (Punjabi Version)

*ਸਮਾਂ ਸੀਮਾਂ : 3 ਘੰਟੇ* | *ਪੂਰਨ ਅੰਕ : 80*

*Time allowed : 3 hours* | *Maximum Marks : 80*

| ***ਨੋਟ: / NOTE :*** | |
|---|---|
| (i) | ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **15** ਪੰਨੇ ਹਨ ।<br>Please check that this question paper contains **15** printed pages. |
| (ii) | ਪ੍ਰਸ਼ਨ ਪੱਤਰ ਵਿਚ ਸੱਜੇ ਹੱਥ ਦੇ ਵਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ ।<br>Q.P. Code given on the right hand side of the question paper should be written on the title page of the answer-book by the candidate. |
| (iii) | ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **30** ਪ੍ਰਸ਼ਨ ਹਨ ।<br>Please check that this question paper contains **30** questions. |
| (iv) | **ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**<br>**Please write down the serial number of the question in the answer-book before attempting it.** |
| (v) | ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀਂ ਲਿਖਣਗੇ ।<br>15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period. |

## *ਵਿਆਪਕ ਨਿਰਦੇਸ਼ :*

*ਹੇਠ ਲਿੱਖੇ ਨਿਰਦੇਸ਼ਾਂ ਨੂੰ ਬਹੁਤ ਧਿਆਨ ਨਾਲ ਪੜ੍ਹੋ ਅਤੇ ਉਨ੍ਹਾਂ ਦਾ ਸਖਤੀ ਨਾਲ ਪਾਲਨ ਕਰੋ :*

(i) *ਇਸ ਪ੍ਰਸ਼ਨ ਪੱਤਰ ਵਿਚ* ***30*** *ਪ੍ਰਸ਼ਨ ਹਨ ।* ***ਸਾਰੇ*** *ਪ੍ਰਸ਼ਨ* ***ਜ਼ਰੂਰੀ*** *ਹਨ ।*

(ii) *ਪ੍ਰਸ਼ਨ ਪੱਤਰ* ***ਪੰਜ*** *ਖੰਡਾਂ ਵਿਚ ਵੰਡਿਆ ਹੋਇਆ ਹੈ –* ***ਖੰਡ ਕ, ਖ, ਗ, ਘ*** *ਅਤੇ* ***ਙ*** *।*

(iii) ***ਖੰਡ ਕ*** *ਵਿਚ ਪ੍ਰਸ਼ਨ ਸੰਖਿਆ* ***1*** *ਤੋਂ* ***12*** *ਬਹੁਵਿਕਲਪੀ (MCQ) ਪ੍ਰਕਾਰ ਦੇ* ***ਇਕ–ਇਕ*** *ਅੰਕ ਦੇ ਪ੍ਰਸ਼ਨ ਹਨ ।*

(iv) ***ਖੰਡ ਖ*** *ਵਿਚ ਪ੍ਰਸ਼ਨ ਸੰਖਿਆ* ***13*** *ਤੋਂ* ***18*** *ਤਕ ਛੋਟੇ ਉੱਤਰ (SA) ਪ੍ਰਕਾਰ ਦੇ* ***ਦੋ–ਦੋ*** *ਅੰਕਾਂ ਦੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦਾ ਉੱਤਰ* ***50*** *ਸ਼ਬਦਾਂ ਤੋਂ ਵੱਧ ਨਹੀਂ ਹੋਣਾ ਚਾਹੀਦਾ ਹੈ ।*

(v) ***ਖੰਡ ਗ*** *ਵਿਚ ਪ੍ਰਸ਼ਨ ਸੰਖਿਆ* ***19*** *ਤੋਂ* ***23*** *ਤਕ ਲੰਬੇ ਉੱਤਰ (LA) ਪ੍ਰਕਾਰ ਦੇ* ***ਚਾਰ–ਚਾਰ*** *ਅੰਕਾਂ ਦੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦਾ ਉੱਤਰ* ***100*** *ਸ਼ਬਦਾਂ ਤੋਂ ਵੱਧ ਨਹੀਂ ਹੋਣਾ ਚਾਹੀਦਾ ਹੈ ।*

(vi) ***ਖੰਡ ਘ*** *ਵਿਚ ਪ੍ਰਸ਼ਨ ਸੰਖਿਆ* ***24*** *ਤੋਂ* ***26*** *ਤਕ ਅੰਸ਼ (ਪੈਰੇ), ਕਾਰਟੂਨ ਅਤੇ ਮਾਨਚਿੱਤਰ ਅਧਾਰਿਤ ਪ੍ਰਸ਼ਨ ਹਨ ।*

(vii) ***ਖੰਡ ਙ*** *ਵਿਚ ਪ੍ਰਸ਼ਨ ਸੰਖਿਆ* ***27*** *ਤੋਂ* ***30*** *ਤਕ ਲੰਬੇ ਉੱਤਰ (LA) ਪ੍ਰਕਾਰ ਦੇ* ***ਛੇ–ਛੇ*** *ਅੰਕਾਂ ਦੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦਾ ਉੱਤਰ* ***170*** *ਸ਼ਬਦਾਂ ਤੋਂ ਵੱਧ ਨਹੀਂ ਹੋਣਾ ਚਾਹੀਦਾ ਹੈ ।*

(viii) *ਪ੍ਰਸ਼ਨ ਪੱਤਰ ਵਿਚ ਕੋਈ ਵਿਆਪਕ ਵਿਕਲਪ ਨਹੀਂ ਹੈ । ਹਾਲਾਂਕਿ ਕੁਝ ਪ੍ਰਸ਼ਨਾਂ ਵਿਚ ਅੰਦਰੂਨੀ ਵਿਕਲਪ ਦਿਤੇ ਗਏ ਹਨ । ਇਨ੍ਹਾਂ ਪ੍ਰਸ਼ਨਾਂ ਵਿਚੋਂ ਸਿਰਫ* ***ਇਕ*** *ਹੀ ਪ੍ਰਸ਼ਨ ਦਾ ਉੱਤਰ ਲਿਖਿਆ ਜਾਏ ।*

(ix) *ਇਸ ਤੋਂ ਇਲਾਵਾ, ਹਰ ਇਕ ਖੰਡ ਅਤੇ ਪ੍ਰਸ਼ਨ ਨਾਲ, ਜਿਥੇ ਲੋੜ ਹਨ, ਨਿਰਦੇਸ਼ ਦਿਤੇ ਗਏ ਹਨ ।*

## ਖੰਡ ਕ

*ਪ੍ਰਸ਼ਨ ਸੰਖਿਆ **1** ਤੋਂ **12** ਤਕ ਬਹੁਵਿਕਲਪੀ (MCQ) ਪ੍ਰਕਾਰ ਦੇ **ਇਕ-ਇਕ** ਅੰਕ ਦੇ ਪ੍ਰਸ਼ਨ ਹਨ ।*

*12×1=12*

*ਪ੍ਰਸ਼ਨ ਸੰਖਿਆ 1 ਦੇ ਲਈ, ਦੋ ਕਥਨ ਦਿਤੇ ਗਏ ਹਨ — ਇਨ੍ਹਾਂ ਵਿਚੋਂ ਇਕ ਨੂੰ ਦਰਿੜਕਥਨ (A) ਅਤੇ ਦੂਸਰੇ ਨੂੰ ਕਾਰਨ (R) ਰਾਹੀਂ ਦਰਸਾਇਆ ਗਿਆ ਹੈ । ਇਨ੍ਹਾਂ ਕਥਨਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠ ਦਿਤੇ ਵਿਕਲਪਾਂ (a), (b), (c) ਅਤੇ (d) ਵਿਚੋਂ ਉੱਤਰ ਵਜੋ ਸਹੀ ਵਿਕਲਪ ਚੁਣੋ ।*

**1.** *ਦਰਿੜਕਥਨ (A) :* ਮਈ 1977 ਵਿਚ ਜਨਤਾ ਪਾਰਟੀ ਦੀ ਸਰਕਾਰ ਨੇ ਨਿਯਾਂਮੂਰਤੀ ਜੇ.ਸੀ. ਸ਼ਾਹ ਦੀ ਅਗਵਾਈ ਹੇਠ ਇਕ ਜਾਂਚ ਆਯੋਗ ਨੂੰ ਥਾਪਿਆ ।

*ਕਾਰਨ (R) :* ਆਯੋਗ ਨੂੰ ਇੰਦਿਰਾ ਗਾਂਧੀ ਸਰਕਾਰ ਰਾਹੀਂ ਐਲਾਨ ਕੀਤੀ ਗਈ ਅਪਾਤਕਾਲ ਦੇ ਕਾਰਨਾਂ ਦੀ ਜਾਂਚ ਦੇ ਲਈ ਥਾਪਿਆ ਗਿਆ ।

(a) ਦਰਿੜਕਥਨ (A) ਅਤੇ ਕਾਰਨ (R) ਦੋਨੋਂ ਸਹੀ ਹਨ ਅਤੇ ਕਾਰਨ (R), ਦਰਿੜਕਥਨ (A) ਦੀ ਸਹੀ ਵਿਆਖਿਆ ਹੈ ।

(b) ਦਰਿੜਕਥਨ (A) ਅਤੇ ਕਾਰਨ (R) ਦੋਨੋਂ ਸਹੀ ਹਨ, ਪਰ ਕਾਰਨ (R) ਦਰਿੜਕਥਨ (A) ਦੀ ਸਹੀ ਵਿਆਖਿਆ ***ਨਹੀਂ*** ਹੈ ।

(c) ਦਰਿੜਕਥਨ (A) ਸਹੀ ਹੈ, ਪਰ ਕਾਰਨ (R) ਗਲਤ ਹੈ ।

(d) ਦਰਿੜਕਥਨ (A) ਗਲਤ ਹੈ, ਪਰ ਕਾਰਨ (R) ਸਹੀ ਹੈ ।

**2.** ਹੇਠ ਲਿਖਿਆਂ ਵਿਚੋਂ ਕਿਸ ਪ੍ਰਧਾਨ ਮੰਤਰੀ ਨੇ ਸਭ ਤੋਂ ਪਹਿਲਾਂ ਭਾਰਚ ਵਿਚ ਆਰਥਿਕ ਸੁਧਾਰਾਂ ਦੀ ਸ਼ੁਰੂਆਤ ਕੀਤੀ ਸੀ ?

(a) ਇੰਦਿਰਾ ਗਾਂਧੀ

(b) ਰਾਜੀਵ ਗਾਂਧੀ

(c) ਮਨਮੋਹਨ ਸਿੰਘ

(d) ਇੰਦਰ ਕੁਮਾਰ ਗੁਜਰਾਲ

3. ਹੇਠ ਲਿਖੀਆਂ ਨੂੰ ਕਾਲਕ੍ਰਮਿਕ ਕ੍ਰਮ ਵਿੱਚ ਵਿਵਸਥਿਤ ਕਰੋ :

(i) ਪਾਕਿਸਤਾਨ ਨੇ ਕਸ਼ਮੀਰ ਵਿਚ ਕਬਾਇਲੀ ਘੁਸਪੈਠੀਏ ਭੇਜੇ ।

(ii) ਸ਼ੇਖ ਅਬਦੁੱਲਾ ਜੰਮੂ ਕਸ਼ਮੀਰ ਦਾ ਵਜ਼ੀਰੇਆਜ਼ਮ ਬਣਿਆ ।

(iii) ਪੰਜਾਬ ਸਮਝੌਤੇ ਤੇ ਲੌਂਗੋਵਾਲ ਅਤੇ ਰਾਜੀਵ ਗਾਂਧੀ ਨੇ ਦਸਤਖਤ ਕੀਤੇ ਸਨ ।

(iv) ਜੰਮੂ ਕਸ਼ਮੀਰ ਇਕ ਦੇਸੀ ਰਿਆਸਤ ਸੀ ।

ਸਹੀ ਵਿਕਲਪ ਚੁਣੋ ।

(a) (i), (ii), (iii), (iv)

(b) (iv), (i), (ii), (iii)

(c) (iv), (ii), (i), (iii)

(d) (ii), (i), (iv), (iii)

4. 1974 ਵਿਚ ਦੇਸ਼ ਰਾਸ਼ਟਰ ਰੇਲ ਹੜਤਾਲ ਦੀ ਆਵਾਜ਼ ਕਿਸ ਨੇ ਚੁੱਕੀ ?

(a) ਜੈਪ੍ਰਕਾਸ਼ ਨਾਰਾਯਣ

(b) ਜਾਰਜ ਫਰਨੈਨਡਿਸ

(c) ਰਾਮ ਮਨੋਹਰ ਲੋਹਿਆ

(d) ਮੋਰਾਰਜੀ ਦੇਸਾਈ

5. ਵਾਕ ਪੂਰਾ ਕਰਣ ਦੇ ਲਈ ਸਹੀ ਵਿਕਲਪ ਚੁਣੋ :

ਭਾਰਤ ਸਰਕਾਰ ਨੇ ਪੰਜਵਰਸ਼ੀ ਯੋਜਨਾਵਾਂ ਨੂੰ ______ ਨੀਤੀ ਦੇ ਰੂਪ ਵਿਚ ਅਪਣਾਇਆ ।

(a) ਨਿਯੋਜਿਤ ਵਿਕਾਸ

(b) ਮਿਸ਼ਰਿਤ ਅਰਥਵਿਵਸਥਾ

(c) ਸਮਾਜਵਾਦ

(d) ਉਦਯੋਗੀਕਰਣ

6. ਹੇਠ ਲਿਖੇ ਵਿਕਲਪਾਂ ਵਿਚੋਂ ਭਾਰਤ ਦੇ ਉੱਤਰ ਪੂਰਬ ਦੇ ਰਾਜਾਂ ਦਾ ਸਮੂਹ ਚੁਣੋ :

(a) ਅਸਮ, ਮਣਿਪੁਰ, ਛੱਤੀਸਗੜ੍ਹ

(b) ਮਣਿਪੁਰ, ਤ੍ਰਿਪੁਰਾ, ਨਾਗਾਲੈਂਡ

(c) ਝਾਰਖੰਡ, ਨਾਗਾਲੈਂਡ, ਉਤਰਾਖੰਡ

(d) ਮਣਿਪੁਰ, ਮਹਾਰਾਸ਼ਟਰ, ਮਿਜ਼ੋਰਮ

7. ਹੇਠ ਲਿਖਿਆਂ ਵਿਚੋਂ ਕਿਹੜਾ ਇਕ ਵਿਸ਼ਵੀਕਰਣ ਦਾ ਮੁਖ ਕਾਰਨ ਹੈ ?

(a) ਸੰਯੁਕਤ ਰਾਸ਼ਟਰ ਦਾ ਬਣਨਾ

(b) ਨਵੀਂ ਟੇਕਨੋਲੋਜੀ (ਪ੍ਰੋਧੋਗਿਕੀ) ਦਾ ਵਿਕਾਸ

(c) ਵਿਸ਼ਵ ਬੈਂਕ ਦੀ ਸਥਾਪਨਾ

(d) ਭਾਰਤ ਅਤੇ ਚੀਨ ਵਿਚ ਅਰਥਵਿਵਸਥਾ ਦਾ ਉਛਾਲ

8. ਹੇਠ ਲਿਖਿਆਂ ਵਿਚੋਂ ਕਿਹੜੇ ਕਥਨ ਪਰਿਆਵਰਣ (ਵਾਤਾਵਰਨ) ਦੇ ਬਾਰੇ ਵਿਚ ਸਹੀ ਹਨ ?

(i) ਵਾਤਾਵਰਨ ਦੀ ਚਿੰਤਾ ਵਿਸ਼ਵਿਕ ਰਾਜਨੀਤੀ ਦਾ ਅੰਗ ਹੈ ।

(ii) ਵਾਤਾਵਰਨ ਦੇ ਮੁਦਿਆਂ ਤੇ ਇਕ ਅਜਲਾਸ (ਕਾਂਨਫਰੇਂਸ) 1992 ਵਿਚ ਰਿਓ ਡੀ ਜਨੇਰਿਯੋ ਵਿਚ ਹੋਇਆ ਸੀ ।

(iii) ਸੰਯੁਕਤ ਰਾਸ਼ਟਰ ਨੇ ਵਾਤਾਵਰਣ ਪ੍ਰੋਗਰਾਮਾਂ ਦਾ ਸੰਚਾਲਨ ਸੰਯੁਕਤ ਰਾਸ਼ਟਰ ਮਾਨਵਾਧਿਕਾਰ ਆਯੋਗ ਨੂੰ ਸੋਪਿਆ ਹੈ ।

(iv) ਪ੍ਰਿਥਵੀ ਸੰਮੇਲਨ ਦਾ ਇੰਤਜ਼ਾਮ ਸੰਯੁਕਤ ਰਾਸ਼ਟਰ ਰਾਹੀਂ ਕੀਤਾ ਗਿਆ ਸੀ ।

ਸਹੀ ਵਿਕਲਪ ਚੁਣੋ ।

(a) (i), (iii), (iv)    (b) (i), (ii), (iv)

(c) (i), (ii), (iii)    (d) (ii), (iii), (iv)

9. ਹੇਠ ਲਿਖਿਆਂ ਵਿਚੋਂ ਕਿਹੜਾ ਵਿਸ਼ਵ ਸੁਰਖਿਆ ਦੇ ਲਈ ਖਤਰਾ ***ਨਹੀਂ*** ਹੈ ?

(a) ਗਲੋਬਲ ਵਾਰਮਿੰਗ

(b) ਅੰਤਰਰਾਸ਼ਟਰੀ ਆਤੰਕਵਾਦ

(c) ਮਹਾਮਾਰੀਆਂ

(d) ਵਧਦੀਆਂ ਕੀਮਤਾਂ

10. ਹੇਠ ਲਿਖੀਆਂ ਵਿਚੋਂ ਕਿਹੜੀ ਸੰਸਥਾ ਅੰਤਰਰਾਸ਼ਟਰੀ ਸੰਘਰਸ਼ਾਂ ਨੂੰ ਰੋਕਣ ਦਾ ਕੰਮ ਕਰਦੀ ਹੈ ?

(a) ਸੰਯੁਕਤ ਰਾਸ਼ਟਰ ਮਾਨਵਾਧਿਕਾਰ ਆਯੋਗ

(b) ਸੰਯੁਕਤ ਰਾਸ਼ਟਰ ਸੁਰਖਿਆ ਪਰਿਸ਼ਦ

(c) ਆਸਿਆਨ

(d) ਏਮਨੇਸ਼ਟੀ ਇੰਟਰਨੇਸ਼ਨਲ

**11.** ਸਹੀ ਵਿਕਲਪ ਚੁਣ ਕੇ ਵਾਕ ਪੂਰਾ ਕਰੋ :
ਅਰਬ ਸਪਰਿੰਗ ਇਕ ________ ।

(a) ਰਾਜਨੀਤਿਕ ਅੰਦੋਲਨ ਸੀ
(b) ਸਭਿਆਚਾਰਕ ਅੰਦੋਲਨ ਸੀ
(c) ਸਮਾਜਿਕ ਅੰਦੋਲਨ ਸੀ
(d) ਵਾਤਾਵਰਣਿਕ ਅੰਦੋਲਨ ਸੀ

**12.** ਸਹੀ ਵਿਕਲਪ ਚੁਣ ਕੇ ਵਾਕ ਪੂਰਾ ਕਰੋ :
ਮਿਖ਼ਾਇਲ ਗੋਰਬਾਚੇਵ ________ ।

(a) ਸੋਵਿਯਤ ਸੰਘ ਦੀ ਕਮਿਊਨਿਸਟ ਪਾਰਟੀ ਦੇ ਮਹਾਸਚਿਵ ਸਨ
(b) ਰੁਸ ਦੇ ਕਮਿਊਨਿਸਟ ਪਾਰਟੀ ਦੇ ਸੰਸਥਾਪਕ ਸਨ
(c) ਪੱਛਮੀ ਯੂਰਪੀ ਦੇਸ਼ਾਂ ਦੇ ਇਕ ਨੇਤਾ ਸਨ
(d) ਸੋਵਿਯਤ ਸੰਘ ਵਿਚ ਸੁਧਾਰਾਂ ਦਾ ਵਿਰੋਧ ਕਰਨ ਵਾਲੇ ਇਕ ਨੇਤਾ ਸਨ

## ਖੰਡ ਖ

**13.** ਭਾਰਤ ਵਿਚ ਸਭ ਤੋਂ ਪਹਿਲੀ ਮਿਲੀਜੁਲੀ ਸਰਕਾਰ (ਗਠਬੰਧਨ ਦੀ ਸਰਕਾਰ) ਕਿਸ ਸਾਲ ਵਿਚ ਅਤੇ ਕਿਉਂ ਬਣੀ ? *1+1=2*

**14.** ਮੰਡਲ ਆਯੋਗ ਦੀ ਕੋਈ ਦੋ ਸਿਫਾਰਿਸ਼ਾਂ ਨੂੰ ਉਜਾਗਰ ਕਰੋ । *2×1=2*

**15.** ਸੁਰਖਿਆ ਦੇ ਲਈ ਇਕ ਨਵੇਂ ਖਤਰੇ ਦੇ ਰੂਪ ਵਿਚ ‘ਅਤੰਕਵਾਦ’ ਦੀ ਵਿਆਖਿਆ ਕਰੋ । *2*

**16.** 1980 ਦੇ ਦਹਾਕੇ ਵਿਚ ਪੰਜਾਬ ਵਿਚ ਹੋਈ ਹਿੰਸਾ ਦੇ ਲਈ ਜੁਮੇਵਾਰ ਕਿਸੇ ਦੋ ਕਾਰਣਾ ਉਪਰ ਰੋਸ਼ਨੀ ਪਾਓ । *2×1=2*

**17.** ਕਿਸੇ ਦੋ ਉਦਾਹਰਣਾਂ ਦੇ ਨਾਲ ਸੰਯੁਕਤ ਰਾਸ਼ਟਰ ਸੰਘ ਦੀਆਂ ਸ਼ਕਤੀਆਂ ਨੂੰ ਦਰਸਾਓ । *2×1=2*

**18.** ‘ਆਸਿਆਨ ਸ਼ੈਲੀ’ ਦੀਆਂ ਦੋ ਮਹਤਵਪੂਰਨ ਵਿਸ਼ੇਸ਼ਤਾਵਾਂ ਤੇ ਰੋਸ਼ਨੀ ਪਾਓ । *2×1=2*

## ਖੰਡ ਗ

**19.** ਇੰਦਿਰਾ ਗਾਂਧੀ ਦੇ ਰਾਹੀਂ ਗਰੀਬੀ ਹਟਾਣ ਦੇ ਲਈ ਚੁਕੇ ਗਏ ਕਿਸੇ ਚਾਰ ਕਦਮਾਂ ਤੇ ਰੋਸ਼ਨੀ ਪਾਓ । *4×1=4*

**20.** ਆਪਣੇ ਸ਼ਹਿਰ ਦੇ ਬਜ਼ਾਰਾਂ ਉਪਰ ਵਿਸ਼ਵੀਕਰਣ ਦੇ ਹੋਏ ਕਿਸੇ ਦੋ ਪ੍ਰਭਾਵਾਂ ਦਾ ਵਿਸ਼ਲੇਸ਼ਣ ਕਰੋ । *2×2=4*

**21.** 'ਯੂਨਿਸੇਫ (UNICEF)' ਦਾ ਵਿਸਤਾਰ ਰੂਪ ਲਿਖੋ ਅਤੇ ਇਸ ਦੇ ਕੋਈ ਦੋ ਕੰਮ ਲਿਖੋ । *1+3=4*

**22.** ਭਾਰਤ ਅਤੇ ਬੰਗਲਾ ਦੇਸ਼ ਦੇ ਦਰਮਿਆਨ ਆਪਸੀ ਮਤਭੇਦ ਦੇ ਕਿਸੇ ਦੋ ਖੇਤਰਾਂ ਨੂੰ ਸਪਸ਼ਟ ਕਰੋ । *2×2=4*

**23.** ਪ੍ਰਾਕਿਰਤਿਕ (ਕੁਦਰਤੀ) ਸੰਸਾਧਨਾ ਦੇ ਸੁਰਖਿਅਣ ਦੇ ਕੋਈ ਦੋ ਉਪਾ ਸੁਝਾਓ । *2×2=4*

## ਖੰਡ ਘ

**24.** ਹੇਠ ਲਿਖੇ ਪੈਰਾਗਰਾਫ ਨੂੰ ਧਿਆਨ ਨਾਲ ਪੜ੍ਹੋ ਅਤੇ ਇਸ ਹੇਠ ਲਿਖੇ ਹੋਏ ਪ੍ਰਸ਼ਨਾਂ ਦੇ ਉੱਤਰ ਲਿਖੋ : *4×1=4*

"ਚੀਨ ਦੇ ਨਾਲ ਹੋਏ ਯੁੱਧ (ਜੰਗ) ਨੇ ਭਾਰਤ ਦੇ ਨੇਤਾਵਾਂ ਨੂੰ ਉੱਤਰ ਪੂਰਬ ਦੀ ਡਾਵਾਂਡੋਲ ਹਾਲਤ ਦੇ ਲਈ ਸਚੇਤ ਕੀਤਾ । ਵੱਖੋ ਵੱਖ ਅਤੇ ਅਤਿ ਅਵਿਕਸਿਤ ਹੋਣ ਤੋਂ ਇਲਾਵਾ ਇਹ ਖੇਤਰ ਭਾਰਤ ਦੀ ਪੂਰੀ ਰਾਸ਼ਟਰੀ ਅਖੰਡਤਾ ਅਤੇ ਰਾਜਨੀਤਿਕ ਏਕਤਾ ਦੇ ਲਈ ਚੁਣੌਤੀ ਪੇਸ਼ ਕਰ ਰਿਹਾ ਸੀ ।"

(i) ਹੇਠ ਲਿਖਿਆਂ ਵਿਚੋਂ ਕਿਹੜਾ ਰਾਜ, ਉੱਤਰ ਪੂਰਬੀ ਰਾਜ ***ਨਹੀਂ*** ਹੈ ?

(a) ਅਰੂਣਾਚਲ ਪ੍ਰਦੇਸ਼

(b) ਉੱਤਰਾਖੰਡ

(c) ਮੇਘਾਲੇ

(d) ਤ੍ਰਿਪੁਰਾ

(ii) ਹੇਠ ਲਿਖਿਆ ਵਿਚੋਂ ਕਿਹੜਾ ਰਾਜ, ਭਾਰਤ–ਚੀਨ ਯੁੱਧ ਦੇ ਕਾਰਨ ਸਭ ਤੋਂ ਵਧੀਕ ਪ੍ਰਭਾਵਿਤ ਹੋਇਆ ਸੀ ?

(a) ਅਸਮ

(b) ਨਾਗਾਲੈਂਡ

(c) ਅਰੁਣਾਚਲ ਪ੍ਰਦੇਸ਼

(d) ਸਿਕਿਮ

(iii) ਹੇਠ ਲਿਖਿਆਂ ਵਿਚੋਂ ਕਿਹੜਾ ਰਾਜ, ਭਾਰਤ–ਚੀਨ ਯੁੱਧ ਦੇ ਇਕ ਦਮ ਪਿੱਛੋ ਉੱਤਰ ਪੂਰਬ ਵਿੱਚ ਬਣਾਇਆ ਗਿਆ ਸੀ ?

(a) ਨਾਗਾਲੈਂਡ

(b) ਅਸਮ

(c) ਸਿਕਿਮ

(d) ਅਰੁਣਾਚਲ ਪ੍ਰਦੇਸ਼

(iv) ਕਿਹੜਾ ਰਾਜਨੀਤਕ ਦਲ, ਭਾਰਤ–ਚੀਨ ਯੁੱਧ ਤੋਂ ਪਿਛੋਂ ਅੰਦਰੂਨੀ ਮਤਭੇਦ ਹੋਣ ਦੇ ਕਾਰਨ ਵੰਡਿਆ ਗਿਆ ਸੀ ?

(a) ਸਵਤੰਤਰ ਪਾਰਟੀ

(b) ਕਾਂਗਰੇਸ ਪਾਰਟੀ

(c) ਕਮਿਊਨਿਸਟ ਪਾਰਟੀ ਆੱਫ ਇੰਡੀਆ

(d) ਜਨ ਸੰਘ

**25.** **ਭਾਰਤ** ਦੇ ਦਿਤੇ ਗਏ ਰਾਜਨੀਤਿਕ ਰੇਖਾ ਮਾਨਚਿਤਰ (ਪੰਨਾ 10 ਤੇ) ਵਿਚ ਚਾਰ ਰਾਜਾ/ਕੇਂਦਰ ਸ਼ਾਸਿਤ ਖੇਤਰਾਂ ਨੂੰ Ⓐ, Ⓑ, Ⓒ ਅਤੇ Ⓓ ਨਾਲ ਦਰਸਾਇਆ ਗਿਆ ਹੈ । ਹੇਠ ਦਿਤੀ ਗਈ ਜਾਣਕਾਰੀ ਦੇ ਅਧਾਰ ਤੇ ਇਨ੍ਹਾਂ ਰਾਜਾ/ਕੇਂਦਰ ਸ਼ਾਸਿਤ ਖੇਤਰਾਂ ਨੂੰ ਪਛਾਣੋ ਅਤੇ ਆਪਣੀ ਉੱਤਰ ਪੁਸਤਕ ਵਿਚ ਉਨ੍ਹਾਂ ਦੇ ਸਹੀ ਨਾਮ, ਵਰਤੋਂ ਵਿਚਲਿਆਂ ਦੀ ਗਈ ਜਾਣਕਾਰੀ ਦੀ ਕ੍ਰਮ ਸੰਖਿਆ ਅਤੇ ਮਾਨਚਿਤਰ ਵਿਚ ਦਿਤੇ ਗਏ ਸੰਬੰਧਿਤ ਅੱਖਰ ਨੂੰ ਹੇਠ ਦਿਤੀ ਗਈ ਸਾਰਣੀ ਅਨੁਸਾਰ ਲਿਖੋ : *4×1=4*

| ਵਰਤੋਂ ਵਿਚ ਲਿਆਂਦੀ ਗਈ ਜਾਣਕਾਰੀ ਦੀ ਕ੍ਰਮ ਸੰਖਿਆ | ਮਾਨਚਿਤਰ ਵਿਚ ਸੰਬੰਧਿਤ ਅੱਖਰ | ਰਾਜ ਦਾ ਨਾਮ |
|---|---|---|
| (i) | | |
| (ii) | | |
| (iii) | | |
| (iv) | | |


(i) ਉਹ ਰਾਜ ਜਿਸ ਨਾਲ ਮੰਡਲ ਆਯੋਗ ਦੇ ਚੇਅਰਮੈਨ, ਬੀ.ਪੀ. ਮੰਡਲ ਦਾ ਸੰਬੰਧ ਸੀ ।

(ii) ਉਹ ਰਾਜ ਜਿਥੇ ਬਹੁਜਨ ਸਮਾਜ ਪਾਰਟੀ ਨੇ ਆਪਣੀ ਪਹਿਲੀ ਸਰਕਾਰ ਬਣਾਈ ਸੀ ।

(iii) ਉਹ ਕੇਂਦਰ ਸ਼ਾਸਿਤ ਖੇਤਰ ਜਿਸਦਾ ਗਠਨ 2019 ਵਿੱਚ ਕੀਤਾ ਗਿਆ ਸੀ ।

(iv) ਉਹ ਰਾਜ ਜਿਥੋਂ ਦਰਾਵਿੜ ਮੁਨੇਤਰ ਕਸ਼ਗਮ ਰਾਜਨੀਤਿਕ ਪਾਰਟੀ ਦਾ ਜਨਮ ਹੋਇਆ ।

ਪ੍ਰਸ਼ਨ ਸੰ. 25 ਦੇ ਲਈ



ਭਾਰਤ ਦਾ ਰੇਖਾ-ਮਾਨਚਿੱਤਰ (ਰਾਜਨੀਤਿਕ)
A
D
B
C
km
Scale 1:15000,000
km
100 50 0
100 200 300 400 500

***ਨੋਟ:*** *ਹੇਠ ਲਿੱਖੇ ਪ੍ਰਸ਼ਨ ਸਿਰਫ* ***ਦਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ*** *ਦੇ ਲਈ ਪ੍ਰਸ਼ਨ ਸੰਖਿਆ* **25** *ਦੇ ਥਾਂ ਬਦਲਵਾਂ ਪ੍ਰਸ਼ਨ ਹੈ :* *4×1=4*

(25.1) ਬਹੁਜਨ ਸਮਾਜ ਪਾਰਟੀ ਦੇ ਸੰਸਥਾਨਕ ਨੇਤਾ ਦਾ ਨਾਮ ਲਿਖੋ ।

(25.2) ਭਾਰਤ ਵਿਚ ਪਹਿਲਾ ਗੈਰ ਕਾਂਗਰੇਸੀ ਪ੍ਰਧਾਨ ਮੰਤਰੀ ਕੋਣ ਸੀ ?

(25.3) ਮੰਡਲ ਕਮਿਸ਼ਨ ਦੇ ਚੇਅਰਮੈਨ, ਬੀ.ਪੀ. ਮੰਡਲ, ਭਾਰਤ ਦੇ ਕਿਸ ਰਾਜ ਨਾਲ ਸੰਬੰਧਿਤ ਸਨ ?

(25.4) 2019 ਵਿੱਚ ਕਿਹੜੇ ਕੇਂਦਰ ਸ਼ਾਸਿਤ ਖੇਤਰ ਦਾ ਗਠਨ ਕੀਤਾ ਗਿਆ ਸੀ ?

**26.** ਹੇਠ ਦਿੱਤੇ ਹੋਏ ਕਾਰਟੂਨ ਨੂੰ ਧਿਆਨ ਨਾਲ ਦੇਖੋ ਅਤੇ ਸਮਝੋ ਅਤੇ ਇਸ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ : *4×1=4*




(i) ਸੱਜੇ ਪਾਸੇ ਬੈਠਿਆ ਬਾਘ ਕਿਹੜੇ ਸੰਗਠਨ ਨੂੰ ਦਰਸਾ ਰਿਹਾ ਹੈ ?

(a) ਲਿਬਰੇਸ਼ਨ ਟਾਇਗਰਜ਼ ਆਫ ਤਮਿਲ ਈਲਮ

(b) ਲਿਬਰਲ ਟਾਇਗਰਜ਼ ਆਫ ਤਮਿਲ ਏਸਟੇਟ

(c) ਲਿਬਰੇਸ਼ਨ ਟਾਇਗਰਜ਼ ਆਫ ਤਮਿਲ ਈਸਟ

(d) ਲਿਬਰਲ ਟਾਇਗਰਜ਼ ਆਫ ਤਮਿਲ ਈਲਮ

(ii) ਸਨ 1983 ਤੋਂ ਪਿਛੋਂ ਸ੍ਰੀ ਲੰਕਾ ਵਿਚ ਉਭਰਿਆ ਸੰਘਰਸ਼ ਹੇਠ ਲਿਖਿਆਂ ਵਿਚੋਂ ਕਿਸ ਤੇ ਅਧਾਰਿਤ ਸੀ ?

(a) ਸਰਕਾਰ ਰਾਹੀਂ ਰਾਜਨੀਤਿਕ ਪਾਰਟੀਆਂ ਦੇ ਦਰਮਿਆਨ ਵਿਤਕਰਾ

(b) ਸਰਕਾਰ ਰਾਹੀਂ ਦੋ ਸੰਗਠਨਾਂ (ਬਰਾਦਰੀਆਂ) ਦੇ ਦਰਮਿਆਨ ਵਿਤਕਰਾ

(c) ਸਰਕਾਰ ਰਾਹੀਂ ਦੋ ਖੇਤਰਾਂ ਦੇ ਦਰਮਿਆਨ ਵਿਤਕਰਾ

(d) ਸਰਕਾਰ ਰਾਹੀਂ ਦੋ ਧਰਮਾਂ ਦੇ ਦਰਮਿਆਨ ਵਿਤਕਰਾ

(iii) ਸ੍ਰੀ ਲੰਕਾ ਦੇ ਸੰਘਰਸ਼ (ਟਕਰਾਅ) ਦੇ ਬਾਰੇ ਵਿਚ ਹੇਠ ਲਿਖਿਆਂ ਵਿਚੋਂ ਕਿਹੜਾ ਕਥਨ *ਸੱਚ* ਹੈ ?

(a) ਭਾਰਤ ਇਸ ਸਮਸਿਆ ਤੋਂ ਦੂਰ ਰਿਹਾ ਅਤੇ ਕੋਈ ਦਖਲ ਨਹੀਂ ਦਿਤਾ ।

(b) ਭਾਰਤ ਨੇ ਸੰਯੁਕਤ ਰਾਸ਼ਟਰ ਨੂੰ ਸਮਸਿਆਂ ਹਲ ਕਰਨ ਦੇ ਲਈ ਕਿਹਾ ।

(c) ਭਾਰਤ ਨੇ ਸ੍ਰੀ ਲੰਕਾ ਨਾਲ ਇਕ ਸਮਝੋਤੇ ਉਪਰ ਦਸਤਖਤ ਕੀਤੇ ਅਤੇ ਸਮਸਿਆ ਨੂੰ ਸੁਲਝਾਣ ਦੀ ਕੋਸ਼ਿਸ਼ ਵਿਚ ਸ਼ਾਮਿਲ ਹੋਇਆ ।

(d) ਸੰਘਰਸ਼ ਦੇ ਦੌਰਾਨ ਭਾਰਤ ਨੇ ਸ੍ਰੀ ਲੰਕਾ ਦੇ ਨਾਲ ਆਪਣੇ ਰਾਜਨਇਕ ਸੰਬੰਧ ਤੋੜ ਲਏ ।

(iv) ਕਾਰਟੂਨ ਕੀ ਸੰਦੇਸ਼ ਦੇਂਦਾ ਹੈ ?

(a) ਸ੍ਰੀ ਲੰਕਾ ਦੀ ਸਰਕਾਰ ਦੋਹਾਂ ਗੁਟਾਂ ਦੇ ਦਰਮਿਆਨ ਤਾਲਮੇਲ ਬਨਾਣ ਵਿਚ ਸਫਲ ਰਹੀ ।

(b) ਦੋਨੋਂ ਗੁਟ ਸਰਕਾਰ ਦੇ ਬਰਖਿਲਾਫ ਸਨ ।

(c) ਸਰਕਾਰ ਨੇ ਦੋਹਾਂ ਸੰਗਠਨਾਂ ਨਾਲ ਬਰਾਬਰ ਸਲੂਕ ਕੀਤਾ ।

(d) ਆਪੋ ਵਿਚ ਵਿਰੋਧੀ ਦੋਹਾਂ ਗੁੱਟਾਂ ਵਿਚ ਤਾਲਮੇਲ ਬਿਠਾਣਾ ਬਹੁਤ ਮੁਸ਼ਕਲ ਸੀ ।

***ਨੋਟ:*** *ਹੇਠ ਲਿਖੇ ਪ੍ਰਸ਼ਨ ਸਿਰਫ* ***ਦਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ*** *ਦੇ ਲਈ ਪ੍ਰਸ਼ਨ ਸੰਖਿਆ* ***26*** *ਦੇ ਥਾਂ ਬਦਲਵਾਂ ਪ੍ਰਸ਼ਨ ਹੈ :* *4×1=4*

(26.1) ਸ੍ਰੀ ਲੰਕਾ ਵਿਚ ਤਨਾਅ _________ ਦੇ ਵਿਚ ਸੀ ?

(a) ਦੋ ਸੰਗਠਨਾਂ (ਕਮਇਨੁਟੀਆ)

(b) ਦੋ ਖੇਤਰਾਂ

(c) ਦੋ ਧਰਮਾਂ

(d) ਦੋ ਵਿਚਾਰਧਾਰਾਵਾਂ

(26.2) 1989 ਵਿਚ ਭਾਰਤ ਨੇ ਸ੍ਰੀ ਲੰਕਾ ਵਿਚ ਆਪਣੀ ਸੈਨਾ ਹੇਠ ਲਿਖਿਆਂ ਵਿਚੋਂ ਕਿਸ ਇਕ ਨਾਮ ਹੇਠ ਭੇਜੀ ?

(a) ਭਾਰਤੀ ਸ਼ਾਂਤੀ ਸਮੂਹ

(b) ਭਾਰਤੀ ਸ਼ਾਂਤੀ ਸੈਨਾ

(c) ਭਾਰਤੀ ਸ਼ਾਂਤੀ ਦੂਤ

(d) ਤਮਿਲਾਂ ਦੀ ਭਾਰਤੀ ਸੈਨਾ

(26.3) ਸ੍ਰੀ ਲੰਕਾ ਦੀ ਸੈਨਾ ਦੇ ਵਿਰੁਧ ਲੜਨ ਵਾਲੇ ਤਮਿਲ ਲੋਕਾਂ ਦੇ ਸਮੂਹ ਦਾ ਨਾਮ ਲਿਖੋ ।

(a) ਭਾਰਤੀ ਤਮਿਲ

(b) ਲਿੱਟੇ (LTTE)

(c) ਤਾਮਿਲਸ ਫਾਰ ਡੇਮੋਕ੍ਰੇਸੀ

(d) ਤਮਿਲ ਯੁਨਾਇਟਿਡ ਫਰੰਟ

(26.4) ਸੰਘਰਸ਼ਾਂ ਦੇ ਬਾਵਜੂਦ, ਸ੍ਰੀ ਲੰਕਾ ਨੇ _________ ।

(a) ਆਰਥਿਕ ਵਾਧਾ ਅਤੇ ਵਿਕਾਸ ਪ੍ਰਾਪਤ ਕੀਤਾ

(b) ਅਰਥਵਿਵਸਥਾ ਵਿਚ ਗਿਰਾਵਟ ਦਰਜ ਕੀਤੀ

(c) ਜਨਸੰਖਿਆ ਵਿਚ ਵਾਧਾ ਦਰਜ ਕੀਤੀ

(d) ਵਪਾਰ ਵਿਚ ਗਿਰਾਵਟ ਦਰਜ ਕੀਤੀ

## ਖੰਡ ਝ

**27.** (a) ਆਜ਼ਾਦੀ ਤੋਂ ਬਾਦ ਪਹਿਲੇ ਵੀਹ ਸਾਲਾਂ ਵਿਚ ਭਾਰਤੀ ਰਾਜਨੀਤੀ ਵਿਚ ਕਾਂਗਰੇਸ ਪਾਰਟੀ ਦੀ ਪ੍ਰਭੁਤਾ ਦੇ ਕਿਸੇ ਤਿੰਨ ਕਾਰਨਾਂ ਦਾ ਵਿਸ਼ਲੇਸ਼ਣ ਕਰੋ । *3×2=6*

**ਜਾਂ**

(b) 1975 ਵਿਚ ਅਪਾਤਕਾਲ ਦਾ ਐਲਾਨ ਕਰਨ ਦੇ ਕਿਸੇ ਤਿੰਨ ਕਾਰਨਾਂ ਦਾ ਵਿਸ਼ਲੇਸ਼ਣ ਕਰੋ । *3×2=6*

**28.** (a) ਭਾਰਤ ਵਿਚ ਅਜ਼ਾਦੀ ਤੋਂ ਪਿਛੋਂ 'ਰਾਜਾਂ ਦੇ ਪੁਨਰਗਠਨ' ਦੀ ਪ੍ਰਕਿਰਿਆ ਦੀਆਂ ਕਿਸੇ ਤਿੰਨ ਵਿਸ਼ੇਸ਼ਤਾਵਾਂ ਨੂੰ ਉਜਾਗਰ ਕਰੋ । *3×2=6*

**ਜਾਂ**

(b) 1947 ਵਿਚ ਹੋਈ ਭਾਰਤ ਦੀ ਵੰਡ ਦੇ ਕਿਸੇ ਤਿੰਨ ਮੁੱਖ ਨਤੀਜਿਆਂ ਤੇ ਰੋਸ਼ਨੀ ਪਾਓ । *3×2=6*

**29.** (a) ਇਕ ਨਵੇਂ ਸ਼ਕਤੀ ਕੇਂਦਰ ਦੇ ਰੂਪ ਵਿਚ ਜਾਪਾਨ ਦੀ ਤਾਕਤ ਦਾ ਮੁਲੰਕਣ ਕਰੋ । *6*

**ਜਾਂ**

(b) ਸ੍ਰੀ ਲੰਕਾ ਦੇ ਨਸਲੀ ਸੰਘਰਸ਼ ਅਤੇ ਅਰਥਵਿਵਸਥਾ ਉਪਰ ਉਸਦੇ ਪ੍ਰਭਾਵ ਦਾ ਵਿਸ਼ਲੇਸ਼ਣ ਕਰੋ । *3+3=6*

**30.** (a) ਸੋਵਿਅਤ ਸੰਘ ਦੇ ਅੱਡ ਅੱਡ (ਵਿਘਟਨ) ਹੋਣ ਦੇ ਲਈ ਜ਼ੁੰਮੇਵਾਰ ਕਿਸੇ ਤਿੰਨ ਕਾਰਣਾ ਦਾ ਵਿਸ਼ਲੇਸ਼ਣ ਕਰੋ । *$3 \times 2 = 6$*

**ਜਾਂ**

(b) 'ਅਰਬ ਸਪ੍ਰਿੰਗ' ਦੇ ਸ਼ੁਰੂ ਹੋਣ ਦੇ ਕਿਸੇ ਦੋ ਕਾਰਣਾ ਅਤੇ ਅੰਦੋਲਨ ਦੇ ਕਿਸੇ ਦੋ ਨਤੀਜਿਆਂ ਦਾ ਵਿਸ਼ਲੇਸ਼ਣ ਕਰੋ । *$4 \times 1\frac{1}{2} = 6$*